ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-7 ਸਾਖਾ)

<u>ਕੋਰੀਜੰਡਮ</u>

ਨੰਬਰ: 1/49/09-2ਸਿ7/4127 ਮਿਤੀ ਚੰਡੀਗੜ੍ਹ: 4-9-2009

ਸਰਕਾਰ ਵਲੋਂ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ: 7/87/06-5ਸਿ4/2691, ਮਿਤੀ 11-8-2009, ਜਿਸ ਰਾਹੀਂ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ ਅਧੀਨ ਠੇਕੇ ਦੇ ਆਧਾਰ ਤੇ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਦੀਆਂ ਉਜਰਤਾਂ ਵਿੱਚ ਮਿਤੀ 1-7-2009 ਤੋਂ 7000/- ਰੁਪਏ ਤੋਂ ਵਾਧਾ ਦੇ ਕੇ 10,000/- ਰੁਪਏ ਪ੍ਰਤੀ ਮਹੀਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ, ਵਿੱਚ ਅੰਸ਼ਕ ਸੋਧ ਕਰਦੇ ਹੋਏ, ਹੋਰਨਾਂ ਸ਼ਰਤਾਂ ਤੋਂ ਇਲਾਵਾ ਹੇਠ ਲਿਖੀ ਸ਼ਰਤ ਦਰਜ਼ ਕੀਤੀ ਜਾਂਦੀ ਹੈ:-

"ਇਨ੍ਹਾਂ ਕੰਪਿਊਟਰ ਟੀਚਰਾਂ ਨੂੰ ਦੋ ਸਾਲ ਲਈ ਕੋਈ ਸਾਲਾਨਾ ਇੰਕਰੀਮੈਂਟ ਨਾ ਦਿੱਤੀ ਜਾਵੇ"।

ਜੀ.ਐਸ.ਗਰੇਵਾਲ
ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਮਿਤੀ ਚੰਡੀਗੜ੍ਹ:
24-8-2009

ਪਿੱਠ ਅੰਕਣ ਨੰਬਰ: 1/49/09-2ਸਿ7/4128 ਮਿਤੀ ਚੰਡੀਗੜ੍ਹ: 4-9-2009

ਇਸਦਾ ਇੱਕ ਉਤਾਰਾ ਵਾਧੂ ਕਾਪੀ ਸਮੇਤ ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ, ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਆਮ ਗਜਟ ਵਿੱਚ ਪ੍ਰਕਾਸ਼ਤ ਕੀਤਾ ਜਾਵੇ ਅਤੇ ਪ੍ਰਿੰਟਿਡ ਨੋਟੀਫਿਕੇਸ਼ਨ ਦੀਆਂ 100 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ।

ਸੁਪਰਡੰਟ

ਪਿੱਠ ਅੰਕਣ ਨੰਬਰ: 1/49/09-2ਸਿ7/4129-31 ਮਿਤੀ ਚੰਡੀਗੜ੍ਹ: 4-9-2009

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸੈਕਟਰ-34, ਚੰਡੀਗੜ੍ਹ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਅਤੇ (ਐ:ਸਿ) ਪੰਜਾਬ, ਚੰਡੀਗੜ੍ਹ।
3. ਮਹਾਂਲੇਖਾਕਾਰ ਪੰਜਾਬ (ਲੇਖਾ ਅਤੇ ਹੱਕਦਾਰੀ)

ਸੁਪਰਡੰਟ

ਉਤਾਰਾ ਅਧੀਨ ਸਕੱਤਰ ਵਿੱਤ (ਯੂ) ਵਿੱਤ ਖਰਚਾ-2 ਸ਼ਾਖਾ ਨੂੰ ਇਸ ਵਿਭਾਗ ਵਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਨੰ: 7/87/06-5ਸਿ4/2691 ਮਿਤੀ 11-8-2009 ਦੀ ਲਗਾਤਾਰਤਾ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਅਧੀਨ ਸਕੱਤਰ ਵਿੱਤ (ਯੂ)
ਵਿੱਤ ਖਰਚਾ-2 ਸ਼ਾਖਾ।

ਅੰ:ਵਿ:ਪੱ:ਨੰ:1/49/09-2ਸਿ7/4132 ਮਿਤੀ ਚੰਡੀਗੜ੍ਹ: 4-9-2009

Office of : Director General School Education
cum State Project Director
Sarva Shiksha Abhiyan Authority
Central Diary No.: 11001 Date 10/9/09

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ.ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫ਼ੋਨ ਨੰ:172-2623206, 2623207, 2620106
ਫ਼ੈਕਸ:0172-2624687 ਈ-ਮੇਲ: ictpunjab@yahoo.com

ਪਿੱਠ ਅੰਕਣ ਨੰਬਰ: 2/4-2009-ICT/Rectt/CT Pay revision/ 067188
ਮਿਤੀ ਚੰਡੀਗੜ੍ਹ: 14-09-2009

ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ 7 ਸ਼ਾਖਾ) ਦੀ ਨੋਟੀਫਿਕੇਸ਼ਨ ਨੰਬਰ 1/49/09-2ਸਿ 7/4127 ਮਿਤੀ 4-09-2009 ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1) ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
2) ਡਿਪਟੀ ਮੈਨੇਜਰ (ਆਈ.ਸੀ.ਟੀ.) ਮੁੱਖ ਦਫਤਰ, ਪਿਕਟਸ, ਚੰਡੀਗੜ੍ਹ।
3) ਸਹਾਇਕ ਮੈਨੇਜਰ (ਵਿੱਤ) ਮੁੱਖ ਦਫਤਰ, ਪਿਕਟਸ, ਚੰਡੀਗੜ੍ਹ।
4) ਸੈਕਸ਼ਨ ਅਫਸਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ, ਚੰਡੀਗੜ੍ਹ

14/9/09

ਸਹਾਇਕ ਮੈਨੇਜਰ (ਪ੍ਰਸ਼ਾਸ਼ਨ)
ਵਾ: ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ
ਪੰਜਾਬ ਆਈ. ਸੀ. ਟੀ. ਐਜੂਕੇਸ਼ਨ ਸੁਸਾਇਟੀ
ਪੰਜਾਬ, ਚੰਡੀਗੜ੍ਹ।